ਸਭ ਹੱਕ ਕਰਤਾ ਦੇ ਰਾਖਵੇਂ ਹਨ।

G.37
ਤਵਾਰੀਖ ਗੁਰੂ ਖਾਲਸਾ

ੴ ਸਤਿਗੁਰਪ੍ਰਸਾਦਿ ॥

ਤਵਾਰੀਖ

ਗੁਰੂ ਖਾਲਸਾ ਪੰਥ

ਅਰਥਾਤ

ਖ਼ਾਲਸਾ ਧਰਮ ਦਾ ਸੋਮਣੀ ਇਤਿਹਾਸ

ਪਹਿਲਾ ਭਾਗ

ਜਿਸਨੂੰ

ਸ੍ਰੀ ਮਾਨ ਗਯਾਨੀ ਲਾਲ ਸਿੰਘ ਜੀ

ਸੇਵਕ { ਪੰਚ ਖ਼ਾਲਸਾ ਦੀਵਾਨ / ਅਰਥਾਤ / ਖਾਲਸਾ ਪਾਰਲੀਮੈਂਟ } ਨੇ

ਬੜੀ ਮੇਹਨਤ ਨਾਲ ਰਚਕੇ ਛਪਵਾਯਾ

ਦੂਜੀ ਵਾਰ ਭੇਟਾ ੩)

੨੯੪ ੬੯੨
੪'੨੪੩
V.2
31535

ਦੂਜੀ ਐਡੀਸ਼ਨ

ਪਹਿਲੀ ਐਡੀਸ਼ਨ ਸੰਨ ੧੯੪੦ ਵਿਖੇ ਛਾਪੀ ਸੀ, ਇਹ ਦੂਜੀ ਐਡੀਸ਼ਨ ਸੋਧਕੇ ਅਰ ਵਾਧਾ ਕਰਕੇ ਦੁਬਾਰਾ ਛਾਪੀ ਗਈ ਹੈ, ਇਸ 'ਤਵਾਰੀਖ ਗੁਰੂ ਖਾਲਸਾ ਪੰਥ' ਦੇ ਪੜ੍ਹਨ ਨਾਲ ਗੁਰੂ ਸਾਹਿਬਾਨ ਅਰ ਖਾਲਸਾ ਧਰਮ ਸਬੰਧੀ ਸੰਪੂਰਨ ਵਾਕਫੀ ਹੁੰਦੀ ਹੈ।

ਲਾਲ ਸਿੰਘ

ਮਿਲਨ ਦਾ ਪਤਾ—

ਲਾਹੌਰ ਬੁਕ ਸ਼ਾਪ

ਨਿਸਬਤ ਰੋਡ ਤੇ ਅਨਾਰਕਲੀ ਲਾਹੌਰ

ਸ: ਬੁਧ ਸਿੰਘ ਵਾਲੇ "ਸ਼੍ਰੀ ਗੁਰਮਤ ਪ੍ਰੈਸ" (ਗੁਰੂ ਕੀ ਸਰਾਂ)
ਅਮ੍ਰਿਤਸਰ ਵਿਚ ਛਪੀ।
ਪ੍ਰਿੰਟਰ—ਗਜਾਨੀ ਮਹਿੰਦਰ ਸਿੰਘ 'ਰਤਨ'
ਸਤੰਬਰ ਸੰਨ ੧੯੪੫

ਮੁਖ-ਬੰਦ

ਸਿੱਖ ਇਤਿਹਾਸ ਸਬੰਧੀ ਅਨੇਕਾਂ ਮਹਾਂ ਪੁਰਸ਼ਾਂ ਤੇ ਵਿਦਵਾਨ ਖੋਜੀਆਂ ਨੇ ਆਪਣੀ ਮੇਹਨਤ ਤੇ ਵਿਚਾਰ ਪੂਰਬਕ ਆਪਣੇ ਆਪਣੇ ਖਿਆਲਾਂ ਅਨੁਸਾਰ ਕਈ ਤਰ੍ਹਾਂ ਦੀਆਂ ਪੁਸਤਕਾਂ ਲਿਖੀਆਂ ਹਨ। ਇਸ ਵੇਲੇ ਗੁਰ ਪ੍ਰਤਾਪ ਸੂਰਜ ਗ੍ਰੰਥ ਤੇ ਤਵਾਰੀਖ ਗੁਰੂ ਖਾਲਸਾ ਗਿਆਨੀ ਗਿਆਨ ਸਿੰਘ ਜੀ ਪੰਥਕ ਮੁਖੀਆਂ ਤੇ ਵਿਚਾਰਵਾਨਾਂ ਦੀ ਦ੍ਰਿਸ਼ਟੀ ਗੋਚਰ ਹੋ ਰਹੇ ਹਨ। ਇਨ੍ਹਾਂ ਦੇ ਇਤਹਾਸਕ ਪੁਸਤਕਾਂ ਤੋਂ ਬਿਨਾਂ ਹੋਰ ਵਿਦਵਾਨਾਂ ਨੇ ਵੀ ਇਸ ਪਾਸੇ ਯਤਨ ਕੀਤਾ ਹੈ ਜੋ ਕਿ ਸ਼ਲਾਘਾ ਯੋਗ ਕਿਹਾ ਜਾ ਸਕਦਾ ਹੈ।

ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਵੀ ਸੰਤੋਖ ਸਿੰਘ ਜੀ ਇਕ ਅਜਿਹੀ ਪੁਸਤਕ ਹੈ ਜੋ ਗੁਰੂ ਪੰਥ ਅੰਦਰ ਪ੍ਰਸਿੱਧ ਮੰਨੀ ਜਾ ਰਹੀ ਹੈ ਪਰ ਇਸ ਵਿਚ ਕਈ ਪ੍ਰਸੰਗ ਅਜਿਹੇ ਹਨ ਜੋ ਗੁਰਮਤ ਵਿਰੁਧ ਤੇ ਗੁਰਬਾਣੀ ਦੇ ਆਸ਼ੇ ਤੋਂ ਉਲਟ ਪ੍ਰਤੀਤ ਹੋ ਰਹੇ ਹਨ, ਦੂਸਰੇ ਇਸ ਪੁਸਤਕ ਦੀ ਬੋਲੀ ਅਜਿਹੀ ਹੈ ਜੋ ਹਰ ਇਕ ਗੁਰਸਿੱਖ ਸਮਝ ਵੀ ਨਹੀਂ ਸਕਦਾ, ਹਰ ਇਕ ਆਦਮੀ ਇਤਨੀ ਰਕਮ ਖਰਚ ਕੇ ਇਹ ਗ੍ਰੰਥ ਖਰੀਦ ਭੀ ਨਹੀਂ ਸਕਦਾ।

ਅਜ ਕਲ ਇਸ ਗੱਲ ਦੀ ਲੋੜ ਪਰਤੀਤ ਹੋ ਰਹੀ ਸੀ ਕਿ ਕੋਈ ਵਿਦਵਾਨ ਮੁਕੰਮਲ ਤਵਾਰੀਖ ਗੁਰੂ ਖਾਲਸਾ ਲਿਖੇ ਜੋ ਗੁਰਬਾਣੀ ਦੇ ਆਸ਼ੇ ਤੇ ਪ੍ਰਮਾਣਾਂ ਦੇ ਅਨੁਕੂਲ ਹੋਵੇ। ਸਾਖੀਆਂ ਮਨ-ਘੜਤ ਨਾ ਹੋਣ ਸਗੋਂ ਜਿਥੋਂ ਤਕ ਹੋ ਸਕੇ ਇਤਿਹਾਸਕ ਖੋਜ ਅਨੁਸਾਰ ਸੱਚੀਆਂ ਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਹੋਣ। ਇਸ ਪੁਸਤਕ ਦਾ ਮੁੱਲ ਵੀ ਐਨਾ ਘਟ ਹੋਵੇ ਜੋ ਹਰ ਇਕ ਗੁਰ ਸਿੱਖ ਸਹਿਜੇ ਹੀ ਪ੍ਰਾਪਤ ਕਰ ਸਕੇ।

ਸ਼੍ਰੀ ਮਾਨ ਗਿਆਨੀ ਲਾਲ ਸਿੰਘ ਜੀ ਸੰਗਰੂਰ ਨੇ ਜਿਨ੍ਹਾਂ ਦੇ ਦਿਲ ਵਿਚ ਚਿਰਾਂ ਤੋਂ ਇਹ ਆਸ਼ਾ ਸੀ ਕਿ ਪੰਥ ਅੰਦਰ ਇਸ ਇਤਿਹਾਸਕ ਘਾਟੇ ਨੂੰ ਪੂਰਾ ਕਰਨਾ ਚਾਹੀਦਾ ਹੈ, ਕਈਆਂ ਸਾਲਾਂ ਦੀ ਅਣਥੱਕ ਮੇਹਨਤ ਮਗਰੋਂ

ਇਹ ਇਤਿਹਾਸ ਪੰਥਕ ਪ੍ਰੇਮੀਆਂ ਦੀ ਭੇਟਾ ਕੀਤਾ ਹੈ । ਹੋ ਸਕਦਾ ਹੈ ਕਿ ਕੁਝ ਵਿਦਵਾਨਾਂ ਦਾ ਇਸ ਨਾਲ ਭੀ ਮਤਭੇਦ ਹੋਵੇ, ਤਦ ਵੀ ਅਸੀਂ ਕਹਿ ਸਕਦੇ ਹਾਂ ਕਿ ਗਿਆਨੀ ਜੀ ਦਾ ਇਹ ਉੱਦਮ ਪੰਥ ਅੰਦਰ ਜਾਗ੍ਰਤ ਪੈਦਾ ਕਰਨ ਵਾਲਾ ਹੈ।

ਆਪ ਨੇ ਇਸ ਵਿਚ ਜੋ ਸਾਖੀਆਂ ਦਿਤੀਆਂ ਹਨ, ਓਹ ਐਵੇਂ ਸੁਣੀਆਂ ਸੁਣਾਈਆਂ ਤੇ ਮਨ-ਘੜਤ ਹੀ ਨਹੀਂ ਸਗੋਂ ਕਈ ਇਤਿਹਾਸਕ ਪੁਸਤਕਾਂ ਦਾ ਨਿਚੋੜ ਗੁਰਬਾਣੀ ਦੇ ਸ਼ਬਦਾਂ ਅਨੁਸਾਰ ਪ੍ਰਮਾਣਾਂ ਸਹਿਤ ਪੇਸ਼ ਕੀਤਾ ਹੈ। ਇਸ ਵਿਚ ਵੱਡਾ ਵਾਧਾ ਇਹ ਕੀਤਾ ਗਿਆ ਹੈ ਕਿ ਤਾਰੀਖਾਂ ਦਾ ਵੇਰਵਾ ਬੜੀ ਮੇਹਨਤ ਤੇ ਖੋਜ ਨਾਲ ਕੀਤਾ ਹੈ । ਇਤਿਹਾਸ ਅੰਦਰ ਜਿਨ੍ਹਾਂ ਥਾਵਾਂ ਤੇ ਗੁਰਦੁਆਰਿਆਂ ਦਾ ਜ਼ਿਕਰ ਆਇਆ ਹੈ ਉਨ੍ਹਾਂ ਦਾ ਪੂਰਾ ਪੂਰਾ ਪਤਾ ਤੇ ਆਉਣ ਜਾਣ ਦੇ ਰਸਤੇਦਾ ਵੇਰਵਾ ਖੋਲ੍ਹਕੇ ਦਸਿਆ ਗਿਆ ਹੈ। ਇਹ ਪੁਸਤਕ ਕਿਸੇ ਸਜਨ ਦੀ ਸ਼ਲਾਘਾ ਦੀ ਮੁਥਾਜ ਨਹੀਂ ਸਗੋਂ ਜੇਹੜੇ ਪ੍ਰੇਮੀ ਇਸਦਾ ਵਿਚਾਰ ਕਰਨਗੇ ਓਹ ਆਪ ਹੀ ਇਸਦੀ ਉਪਮਾ ਕਰਨੋ ਨਾ ਰਹਿ ਸਕਣਗੇ।

ਇਹ ਪੁਸਤਕ ਜਿਥੇ ਇਤਿਹਾਸ ਸਬੰਧੀ ਪੂਰੀ ਪੂਰੀ ਵਾਕਫੀਅਤ ਦੇਂਦੀ ਹੈ ਓਥੇ ਯਾਤਰਾ ਕਰਨ ਵਾਲੇ ਗੁਰਮੁਖਾਂ ਪ੍ਰੇਮੀਆਂ ਲਈ ਇਕ ਗਾਈਡ ਦਾ ਕੰਮ ਵੀ ਦੇਂਦੀ ਹੈ। ਗੁਰ-ਤੀਰਥ ਯਾਤਰਾ ਸਮੇਂ ਇਸ ਪੁਸਤਕ ਦਾ ਨਾਲ ਹੋਣਾ ਹਰ ਇਕ ਪ੍ਰੇਮੀ ਲਈ ਬੜੀ ਸਹੂਲਤ ਪੈਦਾ ਕਰੇਗਾ। ਆਸ ਹੈ ਕਿ ਸਿੱਖ ਇਤਿਹਾਸ ਦੇ ਪ੍ਰੇਮੀ ਇਸ ਪੁਸਤਕ ਤੋਂ ਲਾਭ ਪ੍ਰਾਪਤ ਕਰਨਗੇ ਤੇ ਗਿਆਨੀ ਜੀ ਦੀ ਮੇਹਨਤ ਦੀ ਦਾਦ ਦੇਣਗੇ।

ਪੰਜਾਬ ਗਿਆਨੀ ਕਾਲਜ,
ਅਮ੍ਰਿਤਸਰ
੧ ਸਾਵਨ ੧੯੯੮

ਨਿਹਾਲ ਸਿੰਘ
ਪ੍ਰਿੰਸੀਪਲ

ਪ੍ਰਸੰਸਾ ਪੱਤ੍ਰ

ਨਿਰਮਾਣ 'ਪੰਥ ਸੇਵਕ' ਸ੍ਰੀ ਮਾਨ ਭਾਈ ਸਾਹਿਬ ਭਾਈ ਹਰਿਭਜਨ ਸਿੰਘ ਜੀ ਧਾਂਦਰਾ

ਜਥੇਦਾਰ ਪੰਚ ਖਾਲਸਾ ਦੀਵਾਨ ਅਰਬਾਤ ਖਾਲਸਾ ਪਾਰਲੀਮੈਂਟ ਲਿਖਦੇ ਹਨ:–

"ਤਵਾਰੀਖ ਗੁਰੂ ਖਾਲਸਾ ਪੰਥ" ਜੋ ਕਿ ਸ੍ਰੀ ਮਾਨ ਗਜਾਨੀ ਲਾਲ ਸਿੰਘ ਜੀ ਸੰਗਰੂਰ ਨੇ ਬਹੁਤ ਮੇਹਨਤ ਨਾਲ ਲਿਖੀ ਹੈ, ਮਹਾਨ ਉੱਤਮ ਅਰ ਪਿਛੇ ਛਪ ਚੁੱਕੀਆਂ ਤਵਾਰੀਖਾਂ ਨਾਲੋਂ ਸ੍ਰੇਸ਼ਟ ਅਤੇ ਗੁਰਮਤ ਅਨੁਸਾਰ ਹੈ। ਸਿੱਖ ਮਾਤ੍ਰ ਵਾਸਤੇ ਇਸ ਦਾ ਪੜ੍ਹਨਾ ਸੁਣਨਾ ਜ਼ਰੂਰੀ ਹੈ। ਧਾਰਮਕ ਸਕੂਲਾਂ ਵਾਸਤੇ ਲਾਸਾਨੀ ਹੈ, ਲਾਇਬਰੇਰੀਆਂ ਵਾਸਤੇ ਸ਼ਿੰਗਾਰ ਹੈ । ਮੈਂ ਸ੍ਰੀ ਮਾਨ ਗਿਆਨੀ ਜੀ ਨੂੰ ਉਨ੍ਹਾਂ ਦੀ ਅਥੱਕ ਮੇਹਨਤ ਅਤੇ ਸਫਲਤਾ ਹਿਤ ਸੱਚੇ ਦਿਲੋਂ ਵਧਾਈ ਦਿੰਦਾ ਹਾਂ ਅਰ ਅਕਾਲ ਪੁਰਖ ਅਗੇ ਪ੍ਰਾਰਥਨਾ ਹੈ ਕਿ ਇਸਦਾ ਘਰ ਘਰ ਪ੍ਰਚਾਰ ਹੋਵੇ।

ਸ੍ਰੀ ਮਾਨ ਪੰਡਿਤ ਕਰਤਾਰ ਸਿੰਘ ਜੀ (ਦਾਖਾ) ਸਾਹਿੱਤਚਾਰਯ ਸੰਪਾਦਿਕ ਗੁਰੂ ਕਾਂਸ਼ੀ ਪੱਤ੍ਰ ਲਿਖਦੇ ਹਨ:–

'ਤਵਾਰੀਖ ਗੁਰੂ ਖਾਲਸਾ ਪੰਥ' ਪਹਿਲਾਂ ਛਪ ਚੁਕੀਆਂ ਖਾਲਸਾ ਤਵਾਰੀਖਾਂ ਨਾਲੋਂ ਮਹਾਨ ਉੱਤਮ ਹੈ, ਕਰਤਾ ਜੀ ਨੇ ਬਹੁਤ ਖੋਜ ਭਾਲ ਅਤੇ ਮੇਹਨਤ ਨਾਲ ਲਿਖੀ ਹੈ। ਹਰ ਇਕ ਸਿੱਖ ਘਰ ਵਿਖੇ ਇਸ ਦਾ ਹੋਣਾ ਜ਼ਰੂਰੀ ਹੈ। ਕਾਗਜ਼ ਅਰ ਛਪਾਈ ਵੱਡੀ ਸੁੰਦਰ ਹੈ। ਦਾਸ ਸਮੂਹ ਸੰਗਤਾਂ ਦੀ ਸੇਵਾ ਵਿਚ ਅਪੀਲ ਕਰਦਾ ਹੈ ਕਿ ਇਸ ਤਵਾਰੀਖ ਨੂੰ ਸਕੂਲਾਂ, ਲਾਇਬਰੇਰੀਆਂ ਵਿਚ ਮੰਗਵਾਕੇ ਰਖਿਆ ਜਾਵੇ, ਵਿਦਵਾਨਾਂ ਨੂੰ ਇਸ ਸੇਵਾ ਦੀ ਕਦਰ ਕਰਨੀ ਚਾਹੀਦੀ ਹੈ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.